# ਆਸੀਆਨ ਦੇ ਸਕੱਤਰ-ਜਨਰਲ ਦਾ ਭਾਰਤ ਨੂੰ ਦੌਰਾ (ਫਰਵਰੀ 11-15, 2024)

ਫਰਵਰੀ 09, 2024

ਭਾਰਤ ਸਰਕਾਰ ਦੇ ਸੱਦੇ 'ਤੇ ਡਾ. ਕਾਓ ਕਿਮ ਹੌਰਨ ਆਸੀਆਨ (ਏ.ਐਸ.ਈ.ਏ.ਐਨ.) ਦੇ ਸਕੱਤਰ ਜਨਰਲ, 11 ਤੋਂ 15 ਫਰਵਰੀ 2024 ਤੱਕ ਭਾਰਤ ਦੇ ਅਧਿਕਾਰਤ ਦੋਹਰੇ 'ਤੇ ਹੋਣਗੇ। ਇਹ ਡ. ਕਾਓ ਦਾ ਜਨਵਰੀ 2023 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਭਾਰਤ ਨੂੰ ਪਹਿਲਾ ਦੌਰਾ ਹੋਵੇਗਾ।

2. ਦੌਰੇ ਦੌਰਾਨ, ਆਸੀਆਨ ਦੇ ਸਕੱਤਰ ਜਨਰਲ ਦੀਆਂ ਵਿਦੇਸ਼ ਮੰਤਰੀ ਅਤੇ ਹੋਰ ਪਤਵੰਤਿਆਂ ਨਾਲ ਮੁਲਾਕਾਤਾਂ ਤੈ ਹਨ। ਉਹ ਇੰਡੀਅਨ ਕੌਂਸਲ ਆਫ਼ ਵਰਲਡ ਅਫੇਅਰਜ਼ (ਆਈ.ਸੀ.ਡਬਲਯੂ.ਏ.) ਦੁਆਰਾ ਆਯੋਜਿਤ "ਵਿਕਾਸਸ਼ੀਲ ਖੇਤਰੀ ਆਰਕੀਟੈਕਚਰ ਵਿੱਚ ਆਸੀਆਨ-ਭਾਰਤ ਵਿਆਪਕ ਰਣਨੀਤਕ ਸਾਂਝੇਦਾਰੀ" ਵਿਸ਼ੇ 'ਤੇ ਸਪਰੂ ਹਾਊਸ ਲੈਕਚਰ ਦੇਣਗੇ।

3. ਆਸੀਆਨ ਦੇ ਸਕੱਤਰ-ਜਨਰਲ ਮਹਾਬੋਧੀ ਮੰਦਰ ਪਰਿਸਰ ਜਾਣਗੇ, ਜਿਹੜੀ ਕਿ ਗਯਾ ਦੇ ਵਿੱਚ ਇੱਕ ਯੂਨੈਸਕੋ ਵਿਸ਼ਵ ਵਿਰਾਸਤ ਦੀ ਸਾਈਟ ਹੈ। ਨਾਲੰਦਾ ਯੂਨੀਵਰਸਿਟੀ, ਰਾਜਗੀਰ ਵਿਖੇ ਉਹ “ਆਸੀਆਨ ਦਾ ਭਵਿੱਖ: ਵਿਕਸਿਤ ਹੋ ਰਹੇ ਰਣਨੀਤਕ ਮਾਹੌਲ ਵਿੱਚ ਆਸੀਆਨ ਦੀ ਸਾਰਥਕਤਾ ਅਤੇ ਲਚਕੀਲੇਪਣ" ਦੇ ਵਿਸ਼ੇ 'ਤੇ ਉਹਨਾਂ ਦਾ ਸੰਬੋਧਨ ਕਰਨਾ ਤੈ ਕੀਤਾ ਗਿਆ ਹੈ। ਆਸੀਆਨ-ਭਾਰਤ ਸਹਿਯੋਗ ਪ੍ਰੋਜੈਕਟਾਂ ਦੇ ਹੇਠਾਂ ਆਉਣ ਵਾਲੀ ਯੂਨੀਵਰਸਟੀ ਵਿੱਚ ਆਸੀਆਨ ਮੈਂਬਰ ਦੇਸ਼ਾਂ ਦੇ ਵਿਦਿਆਰਥੀ ਉੱਚ ਸਿੱਖਿਆ ਪ੍ਰਾਪਤ ਕਰਦੇ ਹਨ। ਨਾਲੰਦਾ ਯੂਨੀਵਰਸਿਟੀ ਵੀ ਆਸੀਆਨ-ਭਾਰਤ ਦੇ ਯੂਨੀਵਰਸਿਟੀਆਂ ਦੇ ਨੈਟਵਰਕ (ਏ.ਆਈ.ਐਨ.ਯੂ) ਦੀ ਅਗਵਾਈ ਕਰਦੀ ਹੈ।

4. ਆਸੀਆਨ ਨਾਲ ਰੁਝੇਵੇ, ਜਿਹੜੇ ਕਿ 2024 ਵਿੱਚ ਆਪਣੇ 10ਵੇਂ ਸਾਲ ਵਿੱਚ ਪ੍ਰਵੇਸ਼ ਕਰ ਗਏ ਹਨ, ਭਾਰਤ ਦੀ ਐਕਟ ਈਸਟ ਪੋਲਿਸੀ ਦਾ ਇੱਕ ਮਹੱਤਵਪੂਰਨ ਥੰਮ੍ਹ ਹੈ, ਅਤੇ ਨਾਲ ਹੀ ਇੱਕ ਵਿਸ਼ਾਲ ਹਿੰਦ-ਪ੍ਰਸ਼ਾਂਤ ਵਾਸਤੇ ਇਸਦਾ ਦ੍ਰਿਸ਼ਟੀਕੋਣ ਹੈ। 2022 ਦੇ ਵਿੱਚ ਆਸੀਆਨ-ਭਾਰਤ ਦੇ ਰਿਸ਼ਤੇ ਵਿਆਪਕ ਰਣਨੀਤਕ ਸਾਂਝੇਦਾਰੀ ਤੱਕ ਉੰਨਤ ਹੋਏ। ਭਾਰਤ ਹਿੰਦ-ਪ੍ਰਸ਼ਾਂਤ (ਏ.ਓ.ਆਈ.ਪੀ.) 'ਤੇ ਆਸੀਆਨ ਕੇਂਦਰੀਤਾ ਅਤੇ ਆਸੀਆਨ ਆਉਟਲੁੱਕ ਦਾ ਮਜ਼ਬੂਤੀ ਨਾਲ ਸਮਰਥਣ ਕਰਦਾ ਹੈ। "ਆਸੀਆਨ: ਕਨੈਕਟੀਵਿਟੀ ਅਤੇ ਲਚਕਤਾ ਦਾ ਵਾਧਾ ਕਰਨਾ" ਦੀ ਥੀਮ ਦੇ ਹੇਠਾਂ ਸਾਲ 2024 ਵਾਸਤੇ ਲਾਓ ਪੀ.ਡੀ.ਆਰ. ਦੁਆਰਾ ਉਹਨਾਂ ਦੀ ਪ੍ਰਧਾਨਗੀ ਵਿੱਚ ਨਿਰਧਾਰਤ ਤਰਜੀਹਾਂ ਦਾ ਵੀ ਭਾਰਤ ਸਮਰਥਣ ਕਰਦਾ ਹੈ।

**ਨਵੀਂ ਦਿੱਲੀ**
**ਫਰਵਰੀ 09, 2024**